ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 22 ਦਸੰਬਰ ਐਤਵਾਰ 2024

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਂਟਾਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਕੈਨੇਡਾ: ਟਰੂਡੋ 'ਤੇ ਪਾਰਟੀ ਅੰਦਰੋਂ ਵੀ ਅਸਤੀਫੇ ਦਾ ਦਬਾਅ ਵਧਣ ਲੱਗਾ

ਵੈਨਕੂਵਰ, 22 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਨੈਸ਼ਨਲ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਜਗਮੀਤ ਸਿੰਘ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਘੱਟ ਗਿਣਤੀ ਲਿਬਰਲ ਸਰਕਾਰ ਨੂੰ ਦਿੱਤੀ ਹੋਈ ਬਾਹਰੀ ਹਮਾਇਤ ਵਾਪਸ ਲਏ ਜਾਣ ਅਤੇ ਬੇਭਰੋਸਗੀ ਮਤਾ ਲਿਆਏ ਜਾਣ ਦੇ ਐਲਾਨ ਤੋਂ ਬਾਅਦ ਲਿਬਰਲ ਸੰਸਦ ਮੈਂਬਰਾਂ ਵੱਲੋਂ ਵੀ ਟਰੂਡੋ 'ਤੇ ਅਹੁਦਾ ਛੱਡਣ ਦਾ ਦਬਾਅ ਵਧਣ ਲੱਗਾ ਹੈ। ਲਿਬਰਲ ਸੰਸਦ ਮੈਂਬਰਾਂ ਵੱਲੋਂ ਇਸ ਸਬੰਧੀ ਮੰਗ ਪੱਤਰ ਉੱਤੇ ਦਸਤਖ਼ਤ ਕੀਤੇ ਜਾ ਰਹੇ ਹਨ। ਬੇਸ਼ੱਕ ਇਹ ਸੂਚੀ ਜਨਤਕ ਨਹੀਂ ਹੋਈ ਹੈ ਪਰ ਸੂਤਰਾਂ ਅਨੁਸਾਰ 152 ਲਿਬਰਲ ਸੰਸਦ ਮੈਂਬਰਾਂ 'ਚੋਂ ਹੁਣ ਤੱਕ ਇਸ ਮੰਗ ਉੱਤੇ 45 ਸੰਸਦ ਮੈਂਬਰਾਂ ਨੇ ਸਹੀ ਪਾ ਦਿੱਤੀ ਹੈ।

ਇਹ ਵੀ ਸਮਝਿਆ ਜਾ ਰਿਹਾ ਹੈ ਕਿ ਟਰੂਡੋ ਨਾਲ ਤੋੜ ਵਿਛੋੜੇ ਦਾ ਸਖਤ ਸਟੈਂਡ ਲੈ ਕੇ ਜਗਮੀਤ ਸਿੰਘ ਨੇ ਜਿੱਥੇ ਦੇਸ਼ ਵਿੱਚ ਮੱਧਕਾਲੀ ਚੋਣਾਂ ਦੀ ਸੰਭਾਵਨਾ ਵਧਾ ਦਿੱਤੀ ਹੈ, ਉੱਥੇ ਹੀ ਪਾਰਟੀ ਵਿਚਲੀ ਆਪਣੀ ਡਾਵਾਂਡੋਲ ਸਥਿਤੀ ਨੂੰ ਵੀ ਮਜ਼ਬੂਤ ਕਰ ਲਿਆ ਹੈ। ਦੱਸਣਾ ਬਣਦਾ ਹੈ ਕਿ 28 ਫਰਵਰੀ ਨੂੰ ਸੰਸਦ ਮੈਂਬਰ ਵਜੋਂ ਉਸ ਦੇ ਛੇ ਸਾਲ ਪੂਰੇ ਹੋਣੇ ਸਨ। ਕੈਨੇਡਾ ਵਿੱਚ ਛੇ ਸਾਲ ਸੰਸਦ ਮੈਂਬਰ ਰਹਿਣ ਵਾਲਿਆਂ ਨੂੰ 55 ਸਾਲ ਦੀ ਉਮਰ ਹੋਣ 'ਤੇ ਉਮਰ ਭਰ ਲਈ ਪੈਨਸ਼ਨ ਲੱਗ ਜਾਂਦੀ ਹੈ।

ਜਗਮੀਤ ਸਿੰਘ ਵੱਲੋਂ ਹਾਊਸ ਆਫ ਕਾਮਨਜ਼ ਦੇ ਸਰਦ ਰੁੱਤ ਸਮਾਗਮ ਦੇ ਆਖਰੀ ਦਿਨ ਸਰਕਾਰ ਦੀ ਵਿਰੋਧਤਾ ਕੀਤੇ ਜਾਦ 'ਤੇ ਵੀ ਸਵਾਲ ਉੱਠ ਰਹੇ ਹਨ। ਬਸੰਤ



ਰੁੱਤ ਦਾ ਸੈਸ਼ਨ 27 ਜਨਵਰੀ ਤੋਂ ਬਾਅਦ ਸੱਦਿਆ ਜਾ ਸਕਦਾ ਹੈ, ਜੋ ਕਿ ਆਮ ਤੌਰ 'ਤੇ ਸਪੀਕਰ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ।ਸਿਆਸੀ ਸੂਝ ਰੱਖਣ ਵਾਲੇ ਲੋਕਾਂ ਦਾ ਮੰਨਣਾ ਹੈ ਕਿ ਗਵਰਨਰ ਜਨਰਲ ਬੀਬੀ ਮੈਰੀ ਸਾਈਮਨ ਦੀ ਨਿਯੁਕਤੀ ਜਸਟਿਨ ਟਰੂਡੋ ਦੀ ਪਸੰਦ ਸੀ ਅਤੇ ਸਪੀਕਰ ਨੂੰ ਵੀ ਉਨ੍ਹਾਂ ਦੇ ਨੇੜਲਿਆਂ 'ਚੋਂ ਸਮਝਿਆ ਜਾਂਦਾ ਹੈ। ਉਂਜ, ਸਰਕਾਰ ਵੱਲੋਂ ਪੇਸ਼ ਕੋਈ ਵੀ ਵਿੱਤੀ ਬਿੱਲ ਪਾਸ ਨਾ ਹੋਣ 'ਤੇ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣਾ ਪੈਂਦਾ ਹੈ। ਜਗਮੀਤ ਸਿੰਘ ਨੇ ਇਹ ਗੱਲ ਵੀ ਕਹਿ ਦਿੱਤੀ ਹੈ ਕਿ ਬੇਸ਼ੱਕ ਲਿਬਰਲ ਪਾਰਟੀ ਜਸਟਿਨ ਟਰੂਡੋ ਦੀ ਥਾਂ ਕਿਸੇ ਹੋਰ ਨੂੰ ਨੇਤਾ ਚੁਣ ਲਵੇ, ਪਰ ਉਨ੍ਹਾਂ ਨੂੰ ਐੱਨਡੀਪੀ ਦੀ ਹਮਾਇਤ ਦੀ ਝਾਕ ਲਾਹ ਦੇਣੀ ਚਾਹੀਦੀ ਹੈ।

ਕੈਨੇਡਾ ਦੀ ਸਿਆਸੀ ਅਸਥਿਰਤਾ ਦਾ ਅਸਰ ਇਸ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਲੰਘੇ ਚਾਰ ਦਿਨਾਂ ਵਿੱਚ ਕੈਨੇਡੀਅਨ ਡਾਲਰ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ 'ਚ 3.5 ਫੀਸਦ ਦਾ ਨਿਘਾਰ ਆਇਆ ਹੈ ਅਤੇ ਹੁਣ ਇਸ ਦੀ ਕੀਮਤ ਭਾਰਤੀ ਕਰੰਸੀ ਵਿੱਚ 61.5 ਤੋਂ ਡਿੱਗ ਕੇ 59 ਰੁਪਏ ਰਹਿ ਗਈ ਹੈ, ਜਿਸ ਨੇ ਵਿੱਤੀ ਸੰਸਥਾਵਾਂ ਨੂੰ ਵੀ ਚਿੰਤਾ ਵਿੱਚ ਪਾਇਆ ਹੈ। ਕ੍ਰਿਸਮਸ ਦੀਆਂ ਦੋ ਹਫ਼ਤਿਆਂ ਦੀਆਂ ਛੁੱਟੀਆਂ ਕਾਰਨ ਸਰਕਾਰੀ ਕੰਮ ਪ੍ਰਭਾਵਿਤ ਹੋਣਗੇ। ਸਰਕਾਰ ਕੋਲ ਆਪਣੇ ਬਚਾਅ ਲਈ ਯਕੀਨੀ ਤੌਰ 'ਤੇ 5 ਜਨਵਰੀ ਤੱਕ ਦਾ ਸਮਾਂ ਹੈ।

# ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋਂ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।


















# ਅਮਰੀਕਾ 'ਚ ਟਲਿਆ ਸ਼ੱਟਡਾਊਨ ਦਾ ਖ਼ਤਰਾ ! ਸੰਸਦ ਨੇ ਫੰਡਿੰਗ ਬਿੱਲ ਨੂੰ ਦਿੱਤੀ ਮਨਜ਼ੂਰੀ

ਅਮਰੀਕਾ, 22 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਮਰੀਕਾ ਵਿਚ ਸਰਕਾਰੀ ਸ਼ਟਡਾਊਨ ਦਾ ਖਤਰਾ ਟਲ ਗਿਆ ਹੈ। ਸੀਨੇਟ ਨੇ ਸ਼ਨਿੱਚਰਵਾਰ ਦੀ ਸਵੇਰ ਇਕ ਦੋ ਪਾਰਟੀਆਂ ਦੇ ਹਮਾਇਤ ਵਾਲੇ ਬਿੱਲ ਨੂੰ ਪਾਸ ਕਰ ਦਿੱਤਾ। ਇਹ ਅਸਥਾਈ ਰੂਪ ਨਾਲ ਸਰਕਾਰ ਦੇ ਸੰਚਾਲਨ ਤੇ ਆਫਤ ਮਦਦ ਨੂੰ ਫੰਡਿੰਗ ਕਰੇਗੀ। ਹਾਲਾਂਕਿ ਇਸ ਵਿਚ ਡੋਨਾਲਡ ਟਰੰਪ ਦੀ ਨਵੇਂ ਸਾਲ ਦੀ ਕਰਜ਼ ਹੱਦ ਮੰਗ ਨੂੰ ਸ਼ਾਮਲ ਕੀਤਾ ਗਿਆ। ਜੇਕਰ ਬਿੱਲ ਤੈਅ ਹੱਦ ਤੋਂ ਪਾਸ ਨਹੀਂ ਹੁੰਦਾ ਤਾਂ ਸਰਕਾਰੀ ਕੰਮਕਾਜ ਦੇ ਅੜਿੱਕਾ ਹੋਣ ਦਾ ਖਤਰਾ ਸੀ। ਬਿੱਲ ਹੁਣ ਵਹਾਈਟ ਹਾਊਸ ਭੇਜਿਆ ਜਾਵੇਗਾ, ਜਿੱਥੇ ਜੋਅ ਬਾਈਡਨ ਇਸ 'ਤੇ ਦਸਤਖ਼ਤ ਕਰਨਗੇ। ਹਾਊਸ ਸਪੀਕਰ ਮਾਈਕ ਜਾਨਸਨ ਨੇ ਕਿਹਾ ਕਿ ਸੰਸਦ ਆਪਣੇ ਕਰਤਵਾਂ ਨੂੰ ਪੂਰਾ ਕਰੇਗੀ। ਕ੍ਰਿਮਸ ਦੀਆਂ ਛੁੱਟੀਆਂ ਤੋਂ ਪਹਿਲਾਂ ਸੰਘੀ ਸਰਕਾਰ ਦਾ ਕੰਮਕਾਜ ਰੁਕਣ ਨਹੀਂ ਦੇਵੇਗੀ। ਟਰੰਪ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬਿੱਲ ਕਰਜ ਹੱਦ ਵਿਚ ਵਾਧੇ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਨੇ




ਸਵੇਰੇ ਇਕ ਪੋਸਟ ਵਿਚ ਕਿਹਾ ਸੀ ਕਿ ਅਗ ਅਜਿਹਾ ਨਹੀਂ ਹੁੰਦਾ ਤਾਂ ਹੁਣੇ ਸ਼ੱਟਡਾਊਨ ਕੀਤਾ ਜਾਵੇ।

ਸਦਨ ਨੇ ਨਵੇਂ ਬਿੱਲ ਨੂੰ 366-34 ਦੇ ਵੱਡੇ ਬਹੁਮਤ ਨਾਲ ਮਨਜ਼ੂਰੀ ਦਿੱਤੀ ਹੈ। ਸਮਾਂ ਸੀਮਾ ਖਤਮ ਹੋਣ ਬਾਅਦ ਸੀਨੇਟ ਨੇ ਇਸ ਨੂੰ 85-11 ਨਾਲ ਪਾਸ ਕਰਨ ਲਈ ਰਾਤ ਭਰ ਕੰਮ ਕੀਤਾ। ਜਾਨਸਨ ਨੇ ਸਦਨ ਵਿਚ ਵੋਟਾਂ ਬਾਅਦ ਕਿਹਾ ਕਿ ਇਹ ਦੇਸ਼ ਲਈ ਇਕ ਚੰਗਾ ਨਤੀਜਾ ਹੈ।

# ਘਰ 'ਚ ਮਿਲਣ ਲੱਗਾ ਰੁਜ਼ਗਾਰ, ਕੰਮ ਧੰਦੇ ਲਈ ਦੂਜੇ ਸੂਬਿਆਂ 'ਚ ਜਾਣ ਵਾਲਿਆਂ ਦੀ ਸੰਖਿਆਂ 12 ਫੀਸਦ ਘਟ



ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ) ਕੰਮ ਧੰਦੇ ਤੇ ਰੋਜ਼ਗਾਰ ਲਈ ਦੂਜੇ ਸੂਬਿਆਂ 'ਚ ਜਾਣ ਵਾਲੇ ਕਰਿੰਦਿਆਂ ਦੀ ਸੰਖਿਆ ਵਿਚ ਪਿਛਲੇ 12 ਸਾਲਾਂ ਦੌਰਾਨ ਰਿਕਾਰਡ ਕਮੀ ਆਈ ਹੈ। ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ (ਈ.ਐੱਸ-ਪੀ.ਐੱਸ) ਨੇ ਆਪਣੀ ਇਕ ਰਿਪੋਰਟ ਵਿਚ ਸੂਬਿਆਂ ਦੀ ਖੁਸ਼ਹਾਲੀ ਦੀ ਤਸਵੀਰ ਨੂੰ ਦਿਖਾਉਂਦਿਆਂ ਕਿਹਾ ਕਿ ਲੋਕਾਂ ਨੂੰ ਆਪਣੇ ਘਰ ਵਿਚ ਹੀ ਰੋਜ਼ਗਾਰ ਮਿਲਣ ਲੱਗਿਆ ਹੈ, ਤਾਂ ਉਨ੍ਹਾਂ ਵਿਚ ਬਾਹਰ ਜਾਣ ਦੀ ਰਫਤਾਰ ਵਿਚ ਕਮੀ ਆਈ ਹੈ। 2011 ਵਿਚ ਪਰਵਾਸੀ ਕਾਮਿਆਂ ਦੀ ਸੰਖਿਆ45.57 ਕਰੋੜ ਸੀ, 2023 'ਚ ਘਟ ਕੇ 40.20 ਕਰੋੜ ਰਹਿ ਗਈ ਹੈ। ਇਸ ਤਰ੍ਹਾਂ ਪਰਵਾਸੀ ਕਰਿੰਦਿਆਂ ਦੀ ਸੰਖਿਆ 'ਚ 12 ਫੀਸਦ ਦੀ ਕਮੀ ਦੇਖੀ ਗਈ

ਈ.ਐੱਸ-ਪੀ.ਐੱਮ ਦੇ ਸਾਬਕਾ ਚੇਅਰਮੈਨ ਬਿਬੇਕ ਦੇਬਰਾਏ ਵੱਲੋਂ ਲਿਖੇ ਗਏ ਪੇਪਰ ਵਿਚ ਕਿਹਾ ਗਿਆਹੈ ਕਿ ਸਾਡਾ ਅੰਦਾਜਾ ਹੈ ਕਿ ਇਹ ਪਰਵਾਸ ਦੇ ਪ੍ਰਮੁੱਖ ਸਰੋਤਾਂ ਵਿਚ ਜਾਂ ਉਸਦੇ ਨੇੜੇ ਸਿਖਿਆ, ਸਿਹਤ, ਬੁਨਿਆਦੀ ਢਾਂਚੇ ਤੇ ਸੰਪਰਕ ਵਰਗੀਆਂ ਸੇਵਾਵਾਂ ਦੀ ਉਪਲੱਬਧਤਾ ਦੇ ਨਾਲ ਨਾਲ ਬਿਹਤਰ ਮੌਕਿਆਂ ਦੇ ਕਾਰਨ ਹੈ। ਇਹ ਇਸ ਗੱਲ ਦਾ ਸੰਕੇਤ ਹੈ ਕਿ ਦੇਸ਼ ਵਿਚ ਆਰਥਿਕ ਮੌਕਿਆਂ ਵਿਚ ਵਾਧਾ ਹੋ ਰਿਹਾ ਹੈ।

ਇਸ ਰਿਪੋਰਟ ਵਿਚ ਕਰਿੰਦਿਆਂ ਦੀ ਪ੍ਰਵਿਰਤੀ ਦਾ ਮੁਲੰਕਣ ਕਰਨ ਲਈ ਤਿੰਨ ਤਰ੍ਹਾਂ ਦੇ ਅੰਕੜਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਯਾਤਰੀਆਂ ਦੀ ਸੰਖਿਆਂ 'ਤੇ ਰੇਲਵੇ ਅਨਰਿਜ਼ਰਵਡ ਟਿਕਟ ਪ੍ਰਣਾਲੀ ਡਾਟਾ, ਭਾਰਤੀ ਦੂਰਸੰਚਾਰ ਰੈਗੂਲੇਟਰੀ ਅਥਾਰਟੀ (ਟਰਾਈ) ਨਾਲ ਮੋਬਾਈਲ ਟੈਲੀਫੋਨ ਖਪਤਕਾਰਾਂ ਦਾ ਰੋਮਿੰਗ ਡਾਟਾ ਤੇ ਜ਼ਿਲ੍ਹਾ ਪੱਧਰੀ ਬੈਂਕਿੰਗ ਡਾਟਾ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦਿੱਲੀ, ਮੁੰਬਈ, ਚੇਨੰਈ, ਬੰਗਲੂਰੁ ਤੇ ਕੋਲਕਾਤਾ ਵਰਗੇ ਮਹਾਨਗਰਾਂ ਦੇ ਲਾਗੇ ਸਥਿਤ ਜ਼ਿਲ੍ਹਿਆਂ ਤੋਂ ਵੱਡੀ ਸੰਖਿਆਂ ਵਿਚ ਲੋਕ ਕੰਮ ਧੰਦੇ ਲਈ ਨਿਕਲਦੇ ਹਨ।

# ਕੋਪਨਹੇਗਨ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਉਡਾਣ 'ਚ ਘਸੁੰਨ-ਮੁੱਕੀ ਹੋਏ ਯਾਤਰੀ




ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ) ਏਅਰ ਇੰਡੀਆ ਦੀ ਕੋਪਨਹੇਗਨ (ਡੈਨਮਾਰਕ) ਤੋਂ ਦਿੱਲੀ ਆ ਰਹੀ ਉਡਾਣ ਵਿਚ ਸਵਾਰ ਦੋ ਯਾਤਰੀ ਆਰਮਰੈਸਟ ਸਪੇਸ (ਦੋਵਾਂ ਸੀਟਾਂ ਵਿਚਾਲੇ ਬਾਂਹ ਰੱਖਣ ਲਈ ਬਣਾਈ ਥਾਂ) ਨੂੰ ਲੈ ਕੇ ਘਸੁੰਨ-ਮੁੱਕੀਹੋ ਗਏ। ਇਕ ਸੂਤਰ ਨੇ ਦੱਸਿਆ ਕਿ ਇਹ ਉਡਾਣ ਅੱਜ ਸਵੇਰ ਸਾਢੇ ਸੱਤ ਵਜੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰੀ ਸੀ। ਏਅਰ ਇੰਡੀਆ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਕੋਪਨਹੇਗਨ-ਦਿੱਲੀ ਉਡਾਣ ਵਿਚ ਦੋ ਯਾਤਰੀਆਂ ਦਰਮਿਆਨ ਕਿਸੇ ਮੁੱਦੇ ਨੂੰ ਲੈ ਕੇ ਬਹਿਸ ਹੋਈ ਸੀ, ਜਿਸ ਨੂੰ ਬਾਅਦ 'ਚ ਸੁਲਝਾ ਲਿਆ ਗਿਆ ਜਦਕਿ ਸੂਤਰ ਨੇ ਦੱਸਿਆ ਕਿ ਦੋਵਾਂ ਯਾਤਰੀਆਂ ਨੇ ਇਕੋਨਮੀ ਕਲਾਸ ਵਿੱਚ ਉਦੋਂ ਆਰਮਰੈਸਟ ਸਪੇਸ ਨੂੰ ਲੈ ਕੇ ਬਹਿਸ ਸ਼ੁਰੂ ਕਰ ਦਿੱਤੀ ਜਦੋਂ ਜਹਾਜ਼ ਦਾ ਅਮਲਾ ਸਨੈਕਸ ਤੇ ਭੋਜਨ ਪਰੋਸ ਰਿਹਾ ਸੀ। ਇਸ ਤੋਂ ਬਾਅਦ ਦੋਵੇਂ ਜਣੇ ਬਹਿਸ ਪਏ ਤੇ ਬਾਅਦ ਵਿਚ ਹੱਥੋਪਾਈ ਵੀ ਹੋਏ ਪਰ ਕੈਬਿਨ ਕਰਿਊ ਦੇ ਇਕ ਮੈਂਬਰ ਨੇ ਇੱਕ ਯਾਤਰੀ ਨੂੰ ਦੂਜੀ ਸੀਟ 'ਤੇ ਬਿਠਾ ਕੇ ਮਾਮਲਾ ਸ਼ਾਂਤ ਕੀਤਾ।

ਜਦੋਂ ਜਹਾਜ਼ ਦਿੱਲੀ ਵਿੱਚ ਲੈਂਡ ਕਰਨ ਵਾਲਾ ਸੀ ਤਾਂ ਯਾਤਰੀ ਪਹਿਲਾਂ ਬੈਠੀ ਸੀਟ ਤੋਂ ਆਪਣਾ ਸਮਾਨ ਲੈਣ ਲਈ ਆਇਆ ਤਾਂ ਉਨ੍ਹਾਂ ਦਰਮਿਆਨ ਮੁੜ ਬਹਿਸ ਛਿੜ ਗਈ ਜੋ ਹੱਥੋਪਾਈ ਵਿਚ ਬਦਲ ਗਈ। ਇਸ ਉਡਾਣ ਦਾ ਨੰਬਰ ਏਆਈ158 (ਕੋਪਨਹੇਗਨ-ਦਿੱਲੀ) ਸੀ ਜਿਸ ਵਿਚ ਸਵਾਰ ਯਾਤਰੀਆਂ ਦੀ ਗਿਣਤੀ ਦਾ ਪਤਾ ਨਹੀਂ ਲੱਗ ਸਕਿਆ।

# ਮਾਨਸਿਕ ਸਮੱਸਿਆ ਦੇ ਹੱਲ ਦਾ ਕਾਰਗਰ ਉਪਾਅ ਧਿਆਨ



ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ) -ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਂਵਾਂ ਸਭ ਤੋਂ ਵੱਡੀ ਚੁਣੌਤੀ ਦੇ ਰੂਪ ਵਿੱਚ ਦੁਨੀਆਂ ਦੇ ਸਾਹਮਣੇ ਆ ਰਹੀਆਂ ਹਨ। ਇਕ ਅਨੁਮਾਨ ਦੇ ਅਨੁਸਾਰ ਮਾਨਸਿਕ ਸਮੱਸਿਆ ਦੀ ਵਜ ?ਾਂ ਨਾਲ ਦੁਨੀਆਂ ਵਿੱਚ ਹਰ 45 ਸੈਕਿੰਡ ਤੇ ਇਕ ਆਤਮ ਹੱਤਿਆ ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਦੇ ਲਈ ਸਭ ਤੋਂ ਕਾਰਗਰ ਉਪਾਅ ਹੈ ਧਿਆਨ। ਪ੍ਰਾਚੀਨ ਵੈਦਿਕ ਗਿਆਨ ਤੇ ਆਧਾਰਿਤ ਇਸ ਧਰੋਹਰ ਦੇ ਮਹੱਤਵ ਨੂੰ ਹੁਣ ਪੂਰਾ ਵਿਸ਼ਵ ਪਹਿਚਾਣ ਰਿਹਾ ਹੈ। ਸੰਯੁਕਤ ਰਾਸ਼ਟਰ ਨੇ 21 ਦਸੰਬਰ ਨੂੰ ਵਿਸ਼ਵ ਧਿਆਨ ਦਿਵਸ ਘੋਸ਼ਿਤ ਕੀਤਾ ਹੈ। ਇਸ ਵਿੱਚ ਅਹਿਮ ਯੋਗਦਾਨ ਹੈ ਸ੍ਰੀ ਸ੍ਰੀ ਰਵੀਸ਼ੰਕਰ ਦਾ, ਜੋ ਕਈ ਸਾਲਾਂ ਤੋਂ ਧਿਆਨ ਨੂੰ ਵਿਸ਼ਵ ਪੱਧਰ ਤੇ ਲੋਕਪ੍ਰਿਅ ਬਣਾਉਣ ਦੇ ਯਤਨ ਕਰ ਰਹੇ ਹਨ। 180 ਤੋਂ ਜ਼ਿਆਦਾ ਦੇਸ਼ਾਂ ਵਿੱਚ ਉਹਨਾਂ ਧਿਆਨ ਨੂੰ ਫੈਲਾਇਆ ਅਤੇ ਇਸ ਦੌਰਾਨ 80 ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਜੋੜਿਆ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜਲਦ ਖੁੱਲ ਰਹੀ ਹੈ
3643 Portage Rd, Niagara Falls
416-700-9100







BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800


# ਰੋਬਟ ਸਿਰਫ਼ Skin ਛੂਹ ਕੇ ਸਮਝ ਜਾਣਗੇ ਇਨਸਾਨ ਦੇ ਜਜ਼ਬਾਤ, ਵਿਗਿਆਨੀਆਂ ਨੇ ਕੀਤਾ ਅਦਭੁਤ ਕਾਰਨਾਮਾ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਵਿਗਿਆਨੀਆਂ ਨੇ ਰੋਬੋਟ ਨੂੰ ਲੈ ਕੇ ਅਜਿਹੀ ਖੋਜ ਕੀਤੀ ਹੈ ਜਿਸ ਨੂੰ ਸੁਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਨਵੀਂ ਖੋਜ ਮੁਤਾਬਕ ਹੁਣ ਰੋਬੋਟ ਤੁਹਾਡੀ ਸਕਿੰਨ ਨੂੰ ਛੂਹ ਕੇ ਪਤਾ ਲਗਾ ਸਕਦੇ ਹਨ, ਉਹ ਕਿਵੇਂ ਦਾ ਮਹਿਸੂਸ ਕਰ ਰਿਹਾ ਹੈ। 9555 ਐਕਸੈਸ ਜਰਨਲ 'ਚ ਪ੍ਰਕਾਸ਼ਿਤ ਇਕ ਨਵੀਂ ਖੋਜ ਅਨੁਸਾਰ ਰਿਸਰਚਰਜ਼ ਨੇ ਆਪਣੀ ਰਿਸਰਚ ਕਰਨ ਲਈ ਸਕਿੰਨ ਦਾ ਇਸਤੇਮਾਲ ਕੀਤਾ ਕਿ ਕੋਈ ਵਿਅਕਤੀ ਕਿਵੇਂ ਦਾ ਮਹਿਸੂਸ ਕਰ ਰਿਹਾ ਹੈ।

ਸਕਿੰਨ ਕੰਡਕਟੈਂਸ ਦਾ ਮਤਲਬ, ਇਸ ਗੱਲ ਨੂੰ ਮਾਪਣਾ ਹੈ ਕਿ ਸਕਿੰਨ ਕਿੰਨੀ ਚੰਗੀ ਤਰ੍ਹਾਂ ਨਾਲ ਸੰਚਾਰਿਤ ਕਰਦੀ ਹੈ ਜੋ ਆਮ ਤੌਰ 'ਤੇ ਪਸੀਨੇ ਦੇ ਅਸਰ ਤੇ ਨਰਵ 'ਚ ਬਦਲਾਅ ਕਾਰਨ ਬਦਲਦੀ ਰਹਿੰਦੀ ਹੈ ਅਤੇ ਇਹ ਮਨੁੱਖੀ ਭਾਵਨਾਵਾਂ ਦੀਆਂ ਵੱਖੋ ਵੱਖਰੀਆਂ ਸਥਿਤੀਆਂ ਨੂੰ ਦਰਸਾਉਂਦਾ ਹੈ।

**ਕਿਵੇਂ ਕੀਤੀ ਗਈ ਚਿਹਰੇ ਦੀ ਪਛਾਣ ?**

ਇਸ ਅਧਿਐਨ 'ਚ ਰਵਾਇਤੀ ਭਾਵਨਾ-ਵਿਸ਼ਲੇਸ਼ਣ ਤਕਨੀਕਾਂ ਜਿਵੇਂ ਕਿ ਚਿਹਰੇ ਦੀ ਪਛਾਣ ਤੇ ਭਾਣ ਵਿਸ਼ਲੇਸ਼ਣ 'ਤੇ ਸਵਾਲ ਉਠਾਉਂਦਾ ਹੈ, ਕਿਉਂਕਿ ਇਹ ਅਕਸਰ ਗਲਤ ਨਤੀਜਾ ਦੇ ਸਕਦੇ



ਹਨ। ਖਾਸ ਤੌਰ 'ਤੇ ਜਦੋਂ ਆਡੀਓ-ਵਿਜ਼ੂਅਲਸਥਿਤੀਆਂ ਆਦਰਸ਼ ਨਹੀਂ ਹੁੰਦੀਆਂ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸਕਿੰਨ ਦੀ ਸੰਵੇਦਨਸ਼ੀਲਤਾ ਇਕ ਵਧੀਆ ਵਿਕਲਪ ਹੋ ਸਕਦੀ ਹੈ, ਜੋ ਅਸਲ ਸਮੇਂ 'ਚ ਭਾਵਨਾ ਨੂੰ ਫੜਨ ਲਈ ਇਕ ਗ਼ੈਰ-ਹਮਲਾਵਰ ਤਰੀਕਾ ਪ੍ਰਦਾਨ ਕਰਦਾ ਹੈ। ਰਿਸਰਚ 'ਚ 33 ਲੋਕਾਂ ਦੀਆਂ ਭਾਵਨਾਤਮਕ ਪ੍ਰਤੀਕਿਰਿਆਵਾਂ ਨੂੰ ਮਾਪਣ ਲਈ ਉਨ੍ਹਾਂ ਨੂੰ ਭਾਵਨਾਤਮਕ ਵੀਡੀਓ ਦਿਖਾਏ ਗਏ, ਇਸ ਨਾਲ ਉਨ੍ਹਾਂ ਦੀ ਸਕਿੰਨ ਦੀ ਸੰਵੇਦਨਸ਼ੀਲਤਾ ਨੂੰ ਨਾਪਿਆ ਗਿਆ। ਨਤੀਜਿਆਂ ਨੇ ਵੱਖ-ਵੱਖ ਭਾਵਨਾਵਾਂ ਲਈ ਖਾਸ ਨਮੂਨੇ ਦਿਖਾਏ।




## ਜੀ.ਐੱਸ.ਟੀ ਕੌਂਸਲ ਵੱਲੋਂ ਜੀਵਨ ਤੇ ਸਿਹਤ ਬੀਮਾ ਉੱਤੇ ਟੈਕਸ ਦਰਾਂ ਘਟਾਉਣ ਦਾ ਫੈਸਲਾ ਮੁਲਤਵੀ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਜੀ.ਐੱਸ.ਟੀ ਕੌਂਸਲ ਨੇ ਜੀਵਨ ਤੇ ਸਿਹਤ ਬੀਮੇ ਦੇ ਪ੍ਰੀਮੀਅਮਾਂ ਉੱਤੇ ਟੈਕਸ ਦਰ ਘਟਾਉਣ ਸਬੰਧੀ ਫੈਸਲਾ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਹੈ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੀ ਅਗਵਾਈ ਤੇ ਸੂਬਾਈ ਵਿੱਤ ਮੰਤਰੀਆਂ ਦੀ ਸ਼ਮੂਲੀਅਤ ਵਾਲੀ ਜੀ.ਐੱਸ.ਟੀ ਕੌਂਸਲ ਨੇ ਆਪਣੀ 55ਵੀਂ ਬੈਠਕ ਦੌਰਾਨ ਫੈਸਲਾ ਕੀਤਾ ਕਿ ਸਬੰਧਤ ਮੰਤਰੀ ਸਮੂਹ ਵੱਲੋਂ ਅਜੇ ਕੁਝ ਹੋਰ ਤਕਨੀਕੀ ਪੱਖਾਂ ਨੂੰ ਦੂਰ ਕਰਨ ਦੀ ਲੋੜ ਹੈ। ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਕਿਹਾ ਕਿ ਜੀਵਨ ਤੇ ਸਿਹਤ ਬੀਮੇ ਬਾਰੇ ਮੰਤਰੀ ਸਮੂਹ ਦੀ ਅਜੇ ਇਕ ਹੋਰ ਬੈਠਕ ਦੀ ਲੋੜ ਹੈ, ਜਿਸ ਵਿਚ ਸਮੂਹ, ਵਿਅਕਤੀ ਵਿਸ਼ੇਸ਼ ਤੇ ਸੀਨੀਅਰ ਸਿਟੀਜ਼ਨਾਂ ਨੂੰ ਟੈਕਸ ਲਾਉਣ ਬਾਰੇ ਪਾਲਿਸੀ ਉੱਤੇ ਫੈਸਲਾ ਕੀਤਾ ਜਾਣਾ ਹੈ। ਚੌਧਰੀ ਨੇ ਕਿਹਾ, "ਕੁਝ ਮੈਂਬਰਾਂ ਨੇ ਕਿਹਾ ਕਿ ਅਜੇ ਹੋਰ ਵਿਚਾਰ ਚਰਚਾ ਦੀ ਲੋੜ ਹੈ। ਅਸੀਂ (ਮੰਤਰੀ ਸਮੂਹ) ਜਨਵਰੀ ਵਿਚ ਮੁੜ ਬੈਠਕ ਕਰਾਂਗੇ।" ਚੌਧਰੀ ਦੀ ਅਗਵਾਈ ਵਾਲੇ ਮੰਤਰੀ ਸਮੂਹ ਨੇ ਨਵੰਬਰ ਵਿਚ ਹੋਈ ਬੈਠਕ ਦੌਰਾਨ ਜੀਵਨ ਬੀਮਾ ਪਾਲਿਸੀਆਂ ਦੇ ਪ੍ਰੀਮੀਅਮਾਂ ਨੂੰ ਜੀ.ਐੱਸ.ਟੀ ਤੋਂ ਛੋਟ ਦੇਣ ਦੀ ਸਹਿਮਤੀ ਦਿੱਤੀ ਸੀ। ਸਿਹਤ ਬੀਮਾ ਕਵਰ ਲਈ ਸੀਨੀਅਰ ਨਾਗਰਿਕਾਂ ਵੱਲੋਂ ਅਦਾ ਕੀਤੇ ਪ੍ਰੀਮੀਅਮ ਨੂੰ ਵੀ ਟੈਕਸ ਤੋਂ ਛੋਟ ਦੇਣ ਦੀ ਤਜਵੀਜ਼ ਰੱਖੀ ਗਈ ਸੀ। ਇਸ ਤੋਂ ਇਲਾਵਾ, 5 ਲੱਖ ਰੁਪਏ ਤੱਕ ਦੇ ਸਿਹਤ ਬੀਮੇ ਲਈ ਬਜ਼ੁਰਗ ਨਾਗਰਿਕਾਂ ਤੋਂ ਇਲਾਵਾ ਹੋਰ ਵਿਅਕਤੀਆਂ ਵੱਲੋਂ ਅਦਾ ਕੀਤੇ ਪ੍ਰੀਮੀਅਮਾਂ ਨੂੰ ਜੀ.ਐਸ.ਟੀ ਤੋਂ ਛੋਟ ਦੇਣ ਦੀ ਵੀ ਤਜਵੀਜ਼ ਹੈ। ਹਾਲਾਂਕਿ 5 ਲੱਖ ਰੁਪਏ ਤੋਂ ਵੱਧ ਦੇ ਸਿਹਤ ਬੀਮਾ ਕਵਰ ਵਾਲੀਆਂ ਪਾਲਿਸੀਆਂ ਲਈ ਭੁਗਤਾਨ ਕੀਤੇ ਪ੍ਰੀਮੀਅਮਾਂ 'ਤੇ 18 ਪ੍ਰਤੀਸ਼ਤ ਜੀ.ਐਸ.ਟੀ ਜਾਰੀ ਰਹੇਗਾ।

## ਯੂ.ਪੀ.ਐੱਸ.ਸੀ ਦੀ ਤਰਜ਼ 'ਤੇ ਹੋਵੇਗੀ ਪੀ.ਸੀ.ਐੱਸ ਦੀ ਮੁੱਢਲੀ ਪ੍ਰੀਖਿਆ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਪੰਜਾਬ ਲੋਕ ਸੇਵਾ ਕਮਿਸ਼ਨ (ਪੀ.ਪੀ.ਐੱਸ.ਸੀ) ਵੱਲੋਂ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖਾ) ਦੀਆਂ ਅਸਾਮੀਆਂ ਦੀ ਭਰਤੀ ਵਾਸਤੇ ਪ੍ਰੀ-ਲਿਮਿਨਰੀ ਪ੍ਰੀਖਿਆ ਵਿੱਚ ਸੀ-ਸੈਟ ਦਾ ਪੇਪਰ ਹੁਣ ਕੇਵਲ ਕੁਆਲੀਫਾਇੰਗ ਪੇਪਰ ਵਜੋਂ ਹੀ ਲਿਆ ਜਾਵੇਗਾ। ਇਹ ਜਾਣਕਾਰੀ ਪੀ.ਪੀ.ਐੱਸ.ਸੀ ਦੇ ਚੇਅਰਮੈਨ ਜਤਿੰਦਰ ਸਿੰਘ ਔਲਖ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਇਸ ਸਬੰਧੀ ਪੀ.ਪੀ.ਐੱਸ.ਸੀ ਵੱਲੋਂ ਭੇਜੀ ਸਿਫ਼ਾਰਸ਼ ਨੂੰ ਮੰਨ ਲਿਆ ਹੈ। ਚੇਅਰਮੈਨ ਸ੍ਰੀ ਔਲਖ ਨੇ ਇੱਥੇ ਕਮਿਸ਼ਨ ਦੇ ਦਫ਼ਤਰ ਵਿੱਚ ਦੱਸਿਆ ਕਿ ਪੀ.ਪੀ.ਐੱਸ.ਸੀ ਵੱਲੋਂ ਪੰਜਾਬ ਸਿਵਲ ਸੇਵਾ (ਕਾਰਜਕਾਰੀ ਸ਼ਾਖਾ) ਦੀ ਭਰਤੀ ਦੀ ਮੁੱਢਲੀ ਪ੍ਰੀਖਿਆ ਵਿੱਚ ਸੀ-ਸੈਟ ਦੇ ਪੇਪਰ ਨੂੰ ਸੰਘੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐੱਸ.ਸੀ) ਦੀ ਤਰਜ਼ 'ਤੇ ਕਰਨ ਸਬੰਧੀ ਸਿਫ਼ਾਰਸ਼ ਨੂੰ ਮੁੱਖ ਮੰਤਰੀ ਦੀ ਮਨਜ਼ੂਰੀ ਨਾਲ ਸੂਬਾ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ।

ਉਨ੍ਹਾਂ ਦੱਸਿਆ ਕਿ ਸੀ-ਸੈਟ ਪੇਪਰ ਨੂੰ ਹੁਣ ਯੂ.ਪੀ.ਐੱਸ.ਸੀ ਦੀ ਤਰਜ਼ 'ਤੇ ਸਿਰਫ਼ ਕੁਆਲੀਫਾਇੰਗ ਪੇਪਰ ਵਜੋਂ ਹੀ ਲਿਆ ਜਾਵੇਗਾ ਅਤੇ ਪੀ.ਪੀ.ਐੱਸ.ਸੀ ਦੀ ਪ੍ਰੀਲਿਮਿਨਰੀ ਪ੍ਰੀਖਿਆ ਦੀ ਮੈਰਿਟ ਹੁਣ ਕੇਵਲ ਜਨਰਲ ਸਟੱਡੀਜ਼ ਦੇ ਪੇਪਰ ਦੇ ਅਧਾਰ 'ਤੇ ਹੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪੀ.ਪੀ.ਐੱਸ.ਸੀ ਵੱਲੋਂ ਭਵਿੱਖ ਦੇ ਪੀ.ਸੀ.ਐੱਸ ਮੇਨ ਇਮਤਿਹਾਨ ਵਿੱਚ ਜਨਰਲ ਸਟੱਡੀਜ਼ ਦੇ ਪੇਪਰ-1 ਵਿੱਚ ਪੰਜਾਬ ਦੇ ਇਤਿਹਾਸ, ਭੂਗੋਲ, ਸੱਭਿਆਚਾਰ ਅਤੇ ਅਰਥਵਿਵਸਥਾ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਵੇਗੀ। ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਇਸ ਫ਼ੈਸਲੇ ਨਾਲ ਸਰਕਾਰੀ ਨੌਕਰੀਆਂ ਲਈ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਸੂਬੇ ਦੇ ਲੱਖਾਂ ਨੌਜਵਾਨਾਂ ਨੂੰ ਰਾਹਤ ਮਿਲੇਗੀ।












# 50 ਮਿੰਟ ਦਾ ਯੋਗ ਘੱਟ ਕਰੇਗਾ ਸ਼ੂਗਰ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ) -ਏਮਜ਼ ਦਾ 50 ਮਿੰਟ ਦਾ ਯੋਗ ਮਾੱਡੁਯੂਲ ਸ਼ੂਗਰ ਲੈਵਲ ਘੱਟ ਕਰਨ ਵਿੱਚ ਮਦਦ ਕਰ ਸਕਦਾ ਹੈ। ਏਮਜ਼ ਦੀ ਆਉਟਰੀਚ ਸਟੱਡੀ ਵਿੱਚ ਇਸਦਾ ਖ਼ੁਲਾਸਾ ਹੋਇਆ ਹੈ। ਏਮਜ਼ ਨੇ ਆਪਣੀ ਸਟੱਡੀ ਵਿੱਚ ਸਾਇੰਟੀਫਿਕ ਤਰੀਕੇ ਨਾਲ ਇਹ ਸਾਬਤ ਕੀਤਾ ਹੈ। 50 ਮਿੰਟ ਦੇ ਯੋਗ ਅਭਿਆਸ ਨਾਲ ਡਾਇਬਟੀਜ਼ ਦੇ ਮਰੀਜਾਂ ਨੂੰ ਸ਼ੂਗਰ ਲੈਵਲ ਕੰਟਰੋਲ ਕਰਨ ਵਿੱਚ ਮਦਦ ਮਿਲਦੀ ਹੈ। ਹੁਣ ਯੋਗ ਦੇ ਇਸ ਮਾੱਡੁਯੂਲ ਨੂੰ ਜਨਤਕ ਕਰ ਦਿੱਤਾ ਗਿਆ ਹੈ ਜਿਸ ਨੂੰ ਆਮ ਲੋਕ ਵੀ ਅਪਣਾ ਸਕਦੇ ਹਨ।

ਏਮਸ ਦੇ ਕਮਿਊਨਿਟੀ ਮੈਡੀਸਨ ਦੇ ਡਾਕਟਰ ਪੁਨੀਤ ਮਿਸ਼ਰਾ ਨੇ ਦੱਸਿਆ ਕਿ ਯੋਗ ਨਾਲ ਫਾਇਦਾ ਹੁੰਦਾ ਹੈ, ਇਹ ਤਾਂ ਪਤਾ ਸੀ, ਪਰ ਕਿਵੇਂ ?ਕਿਹੜਾ ਯੋਗ ਕਰੀਏ ? ਕਿੰਝ ਕਰੀਏ, ਕਿੰਨੀ ਵਾਰ ਕਰੀਏ, ਕਿੱਥੇ ਕਰੀਏ, ਕਦੋਂ ਤੱਕ ਕਰੀਏ ? ਕਈ ਸਵਾਲ ਸਨ, ਜਿਹਨਾਂ ਦਾ ਜਵਾਬ ਸਾਡੇ ਕੋਲ ਨਹੀਂ ਹੈ। ਇਸ ਲਈ ਅਸੀ ਇਸ ਤੇ ਸਟੱਡੀ ਕਰਨ ਤੋਂ ਪਹਿਲਾ ਯੋਗ ਦਾ ਮਾੱਡੁਯੂਲ ਤਿਆਰ ਕੀਤਾ ।

ਇਸਦੇ ਲਈ ਸਾਡੇ ਬੈਗਲੂਰ ਦੇ ਇਕ ਯੋਗ ਸੰਸਥਾਨ ਨੇ ਸਹਿਯੋਗ ਲਿਆ ਅਤੇ 50 ਮਿੰਟ ਦਾ ਇਕ ਮਾੱਡੁਯੂਲ ਬਣਾਇਆ, ਜਿਸਦੇ ਆਧਾਰ ਤੇ ਸਟੱਡੀ ਕੀਤੀ ਗਈ। ਡਾਕਟਰ ਪੁਨੀਤ ਨੇ ਦੱਸਿਆ ਕਿ ਹੁਣ ਤੱਕ ਸਟੱਡੀ ਏਮਜ਼ ਵਿੱਚ ਹੀ ਹੋਇਆ ਕਰਦੀ ਸੀ। ਮਰੀਜ਼ ਜਾ ਸਟੱਡੀ ਵਿੱਚ ਸ਼ਾਮਲ ਹੋਣ ਵਾਲੇ ਏਮਜ਼ ਹੀ ਆਉਂਦੇ ਹਨ। ਪਰ ਸਟੱਡੀ ਨੂੰ ਅਸੀ ਆਊਟਰੀਚ ਕੀਤਾ। ਮਤਲਬ ਜੋ ਜਿੱਥੇ ਰਹਿੰਦੇ ਹਨ ਉਸੇ ਹੀ ਵਾਤਾਵਰਣ ਵਿੱਚ ਯੋਗ ਕਰਨ। ਭਾਵੇਂ ਸਕੂਲ ਹੋਵੇ, ਪਾਰਕ ਹੋਵੇ ਜਾਂ ਘਰ। ਸਟੱਡੀ ਵਿੱਚ 400 ਲੋਕ ਸ਼ਾਮਲ ਹੋਏ।



ਇਹਨਾਂ ਨੂੰ ਦੋ ਗਰੁੱਪਾਂ ਵਿੱਚ ਵੰਡਿਆ ਗਿਆ। ਇਕ ਗਰੁੱਪ ਨੂੰ ਦਵਾਈ ਦੇ ਨਾਲ ਯੋਗ ਵੀ ਕਰਵਾਇਆ ਅਤੇ ਦੂਜੇ ਗਰੁੱਪ ਨੂੰ ਸਿਰਫ ਡਾਇਟਬੀਜ਼ ਦੀ ਦਵਾਈ ਹੀ ਦਿੱਤੀ ਗਈ।

ਉਹਨਾਂ ਕਿਹਾ ਕਿ ਇਸਦੇ ਲਈ ਅਸੀ ਯੋਗ ਥੈਰੇਪਿਸਟ ਦੀ ਮਦਦ ਨਾਲ ਪਹਿਲਾਂ ਲੋਕਾਂ ਨੂੰ ਯੋਗ ਦੀ ਟਰੇਨਿੰਗ ਦਿੱਤੀ । 15 ਦਿਨਾਂ ਦੀ ਟਰੇਨਿੰਗ ਦੇ ਬਾਅਦ ਉਹਨਾਂ ਨੂੰ ਆਪਣੀ-ਆਪਣੀ ਜਗਹਾਂ ਤੇ ਯੋਗ ਕਰਨ ਦਾ ਕਿਹਾ ਗਿਆ। ਹਫ਼ਤੇ ਵਿੱਚ ਦੋ ਵਾਰ ਸਾਡੇ ਐਕਸਪਰਟ ਵਿਜ਼ਿਟ ਕਰਦੇ ਸਨ, ਉਹਨਾਂ ਦੇ ਯੋਗ ਕਰਨ ਦੇ ਤਰੀਕੇ ਦੀ ਜਾਂਚ ਕਰਦੇ ਸਨ, ਜੋ ਗਲਤ ਕਰਦੇ ਸਨ, ਉਹਨਾਂ ਨੂੰ ਦੁਬਾਰਾ ਦੱਸਿਆ ਜਾਂਦਾ ਸੀ। ਸਟੱਡੀ ਸ਼ੁਰੂ ਹੋਮ ਤੋਂ ਪਹਿਲਾ ਸਾਰੇ 400 ਲੋਕਾਂ ਦਾ ਬਲੱਡ ਸੈਂਪਲ ਲਿਆ ਗਿਆ ਸੀ ਅਤੇ ਯੋਗ ਦੇ ਤਿੰਨ ਮਹੀਨੇ ਪੂਰੇ ਹੋਣ ਦੇ ਬਾਅਦ ਫਿਰ ਤੋਂ ਬਲੱਡ ਸੈਂਪਲ ਲਿਆ ਗਿਆ। ਐਚ.ਬੀ.ਏ 1ਸੀ ਗੁਲੂਕੋਜ਼ ਦੀ ਜਾਂਚ ਹੈ, ਜੋ ਤਿੰਨ ਮਹੀਨੇ ਦੀ ਔਸਤ ਰਿਪੋਰਟ ਦੱਸਦਾ ਹੈ। ਇਸ ਰਿਪੋਰਟ ਵਿੱਚ ਪਤਾ ਲੱਗਾ ਕਿ ਜਿਸਨੇ ਦਵਾਈ ਦੇ ਨਾਲ ਯੋਗ ਕੀਤਾ, ਉਹਨਾਂ ਦੇ ਗੁਉਲੂਕੋਜ਼ ਲੈਵਲ ਵਿੱਚ ਪ੍ਰਭਾਵੀ ਸੁਧਾਰ ਆ ਗਿਆ ਅਤੇ ਲਿਪਿਡ ਪ੍ਰੋਫਾਇਲ ਵਿੱਚ ਵੀ ਸੁਧਾਰ ਪਾਇਆ ਗਿਆ।




# 260 ਕਰੋੜ ਦੀ ਸਾਈਬਰ ਠੱਗੀ! ਦਿੱਲੀ ਨੋਇਡਾ ਦੇ ਫਰਜ਼ੀ ਕਾਲ ਸੈਂਟਰ ਵਿੱਚ ਬੈਠ ਕੇ ਯੂ.ਐਸ ਕੈਨੇਡਾ ਵਿੱਚ ਮਚਾਈ ਲੁੱਟ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)- ਸੀ.ਬੀ.ਆਈ ਨੇ ਸ਼ੁੱਕਰਵਾਰ ਨੂੰ 260 ਕਰੋੜ ਰੁਪਏ ਦੇ ਕ੍ਰਿਪਟੋਕਰੰਸੀ ਧੋਖਾਧੜੀ ਦੇ ਮਾਮਲੇ ਵਿੱਚ ਤਿੰਨ ਮੁਲਜ਼ਮਾਂ ਖ਼ਲਾਫ਼ ਚਾਰਜਸ਼ੀਟ ਦਾਖ਼ਲ ਕੀਤੀ। ਮੁਲਜ਼ਮ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ਾਂ ਵਿੱਚ ਰਹਿੰਦੇ ਵਿਦੇਸ਼ੀ ਨਾਗਰਿਕਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੇ ਸਨ। ਉਸ ਨੇ ਧੋਖਾਧੜੀ ਲਈ ਕਾਲ ਸੈਂਟਰ ਖੋਲ੍ਹਿਆ ਹੋਇਆ ਸੀ।

ਸੀਬੀਆਈ ਨੇ ਪੂਰੀ ਜਾਂਚ ਤੋਂ ਬਾਅਦ ਠੋਸ ਸਬੂਤਾਂ ਦੇ ਆਧਾਰ 'ਤੇ ਤੁਸ਼ਾਰ ਖਰਬੰਦਾ, ਗੌਰਵ ਮਲਿਕ ਅਤੇ ਅੰਕਿਤ ਜੈਨ ਦੇ ਖਿਲਾਫ ਚਾਰਜਸ਼ੀਟ ਦਾਇਰ ਕੀਤੀ ਹੈ। ਦੋਸ਼ ਪੱਤਰ ਅਪਰਾਧਿਕ ਸਾਜ਼ਿਸ਼, ਧੋਖਾਧੜੀ ਅਤੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 66 ਡੀ ਸਮੇਤ ਹੋਰ ਧਾਰਾਵਾਂ ਤਹਿਤ ਦਾਇਰ ਕੀਤਾ ਗਿਆ ਹੈ।

ਕੈਨੇਡੀਅਨ ਪੁਲਿਸ ਨੇ ਧੋਖਾਧੜੀ ਬਾਰੇ ਦਿੱਤੀ ਜਾਣਕਾਰੀ

ਸੀ.ਬੀ.ਆਈ ਨੇ ਨੈਸ਼ਨਲ ਸੈਂਟਰਲ ਬਿਊਰੋ ਰਾਹੀਂ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ) ਦੁਆਰਾ ਮੁਹੱਈਆ ਕਰਵਾਈ ਗਈ ਜਾਣਕਾਰੀ ਤੋਂ ਬਾਅਦ ਇਨ੍ਹਾਂ ਮੁਲਜ਼ਮਾਂ ਵਿਰੁੱਧ ਐਫਆਈਆਰ ਦਰਜ ਕੀਤੀ ਸੀ। ਪੀੜਤਾਂ ਨੇ ਦੋਸ਼ ਲਾਇਆ ਸੀ ਕਿ ਤੁਸ਼ਾਰ ਖਰਬੰਦਾ ਨੇ ਆਰ.ਸੀ.ਐਮ.ਪੀ ਅਧਿਕਾਰੀ ਦੱਸ ਕੇ ਉਨ੍ਹਾਂ ਨਾਲ ਧੋਖਾ ਕੀਤਾ ਹੈ।

ਪੀੜਤ ਨੂੰ ਕੈਨੇਡਾ ਵਿੱਚ ਬਿਟਕੁਆਇਨ ਏਟੀਐਮ ਰਾਹੀਂ 93,000 ਤੋਂ ਵੱਧ ਕੈਨੇਡੀਅਨ ਡਾਲਰ ਕ੍ਰਿਪਟੋਕਰੰਸੀ ਵਿੱਚ ਤਬਦੀਲ ਕਰਨ ਲਈ ਮਜਬੂਰ ਕੀਤਾ ਗਿਆ ਸੀ, ਜੋ ਕਿ ਖਰਬੰਦਾ ਅਤੇ ਉਸਦੇ ਸਾਥੀ ਦੇ ਕ੍ਰਿਪਟੋਕਰੰਸੀ ਵਾਲੇਟ ਨਾਲ ਜੁੜੇ ਹੋਏ ਸਨ।

### ਜਿਵੇਂ-ਜਿਵੇਂ ਜਾਂਚ ਅੱਗੇ ਵਧੀ ਤਾਂ ਧੋਖਾਧੜੀ ਦੇ ਨੈੱਟਵਰਕ ਦਾ ਹੁੰਦਾ ਗਿਆ ਪਰਦਾਫਾਸ਼

ਜਾਂਚ ਅੱਗੇ ਵਧਦੀ ਗਈ, ਧੋਖਾਧੜੀ ਦੇ ਨੈਟਵਰਕ ਦੇ ਹੋਰ ਮੁੱਖ ਲੋਕਾਂ ਦੇ ਲਿੰਕ ਸਾਹਮਣੇ ਆਏ, ਜਿਨ੍ਹਾਂ ਵਿੱਚ ਅੰਕਿਤ ਜੈਨ, ਜਿਸ ਨੇ ਕ੍ਰਿਪਟੋ ਵਾਲਿਟ ਦੇ ਪ੍ਰਬੰਧਨ ਵਿੱਚ ਭੂਮਿਕਾ ਨਿਭਾਈ ਅਤੇ ਮੁੱਖ ਦੋਸ਼ੀ ਤੁਸ਼ਾਰ ਖਰਬੰਦਾ ਨੂੰ ਵਿਦੇਸ਼ੀ ਪੀੜਤਾਂ ਤੋਂ ਪ੍ਰਾਪਤ ਕੀਤੇ ਗਏ ਬੀਟੀਸੀ ਨੂੰ "SD" ਵਿੱਚ ਤਬਦੀਲ ਕਰਨ ਵਿੱਚ ਮਦਦ ਕੀਤੀ। ਅੱਗੇ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਖਰਬੰਦਾ ਅਤੇ ਉਸਦੇ ਸਾਥੀਆਂ ਨੇ ਆਪਣੇ ਬਿਟਕੁਆਇਨ ਵਾਲੇਟ ਵਿੱਚ 260 ਕਰੋੜ ਰੁਪਏ ਦੇ 316 ਤੋਂ ਵੱਧ ਬਿਟਕੋਇਨ ਪ੍ਰਾਪਤ ਕੀਤੇ ਸਨ, ਜੋ ਕਿ ਅਪਰਾਧ ਦੀ ਕਮਾਈ ਹੈ।


ਇਸ ਤੋਂ ਬਾਅਦ ਇਸ ਨੂੰ ਦੁਬਈ ਵਿੱਚ ਇੱਕ ਸੰਗਠਿਤ ਗਰੋਹ ਦੇ ਮੈਂਬਰਾਂ ਨੇ ਬਾਹਰ ਕੱਢਿਆ। ਸੀਬੀਆਈ ਦੀ ਜਾਂਚ ਨੇ ਇਸ ਤਰ੍ਹਾਂ ਇੱਕ ਸੰਗਠਿਤ ਸਾਈਬਰ ਫਰਾਡ ਗਿਰੋਹ ਦਾ




ਪਰਦਾਫਾਸ਼ ਕੀਤਾ ਜੋ ਸਾਈਬਰ ਅਪਰਾਧ ਕਰਨ ਅਤੇ ਅਪਰਾਧ ਦੀ ਕਮਾਈ ਨੂੰ ਧੋਣ ਲਈ ਉੱਚ ਤਕਨੀਕਾਂ ਦੀ ਵਰਤੋਂ ਕਰਦਾ ਸੀ।

ਸੀ.ਬੀ.ਆਈ ਨੂੰ ਜਾਂਚ ਤੋਂ ਪਤਾ ਲੱਗਾ ਸੀ ਕਿ ਨੋਇਡਾ ਨਿਵਾਸੀ ਮੁਲਜ਼ਮ ਤੁਸ਼ਾਰ ਖਰਬੰਦਾ ਦਿੱਲੀ ਅਤੇ ਨੋਇਡਾ ਵਿੱਚ ਚੱਲ ਰਹੇ ਫਰਜ਼ੀ ਕਾਲ ਸੈਂਟਰਾਂ ਰਾਹੀਂ ਅਮਰੀਕੀ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਠੱਗਣ ਵਿੱਚ ਸ਼ਾਮਲ ਸੀ। ਸਹਿ-ਦੋਸ਼ੀਗੌਰਵ ਮਲਿਕ ਦੀ ਮਦਦ ਨਾਲ, ਖਰਬੰਦਾ ਨੇ ਕਾਲ ਸੈਂਟਰ ਵਿੱਚ 150 ਤੋਂ ਵੱਧ ਟੈਲੀ-ਕਾਲਰਰੱਖੇ ਹੋਏ ਸਨ।

ਪੀੜਤ ਨੂੰ ਕੈਨੇਡਾ ਵਿੱਚ ਬਿਟਕੁਆਇਨ ਏਟੀਐਮ ਰਾਹੀਂ 93,000 ਤੋਂ ਵੱਧ ਕੈਨੇਡੀਅਨ ਡਾਲਰ ਕ੍ਰਿਪਟੋਕਰੰਸੀ ਵਿੱਚ ਤਬਦੀਲ ਕਰਨ ਲਈ ਮਜਬੂਰ ਕੀਤਾ ਗਿਆ ਸੀ, ਜੋ ਕਿ ਖਰਬੰਦਾ ਅਤੇ ਉਸਦੇ ਸਾਥੀ ਦੇ ਕ੍ਰਿਪਟੋਕਰੰਸੀ ਵਾਲੇਟ ਨਾਲ ਜੁੜੇ ਹੋਏ ਸਨ।



**ਸੀਬੀਆਈ ਨੂੰ ਜਾਂਚ ਤੋਂ ਪਤਾ ਲੱਗਾ ਸੀ ਕਿ ਨੋਇਡਾ ਨਿਵਾਸੀ ਮੁਲਜ਼ਮ ਤੁਸ਼ਾਰ ਖਰਬੰਦਾ ਦਿੱਲੀ ਅਤੇ ਨੋਇਡਾ ਵਿੱਚ ਚੱਲ ਰਹੇ ਫਰਜ਼ੀ ਕਾਲ ਸੈਂਟਰਾਂ ਰਾਹੀਂ ਅਮਰੀਕੀ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਠੱਗਣ ਵਿੱਚ ਸ਼ਾਮਲ ਸੀ। ਸਹਿ-ਦੋਸ਼ੀ ਗੌਰਵ ਮਲਿਕ ਦੀ ਮਦਦ ਨਾਲ, ਖਰਬੰਦਾ ਨੇ ਕਾਲ ਸੈਂਟਰ ਵਿੱਚ 150 ਤੋਂ ਵੱਧ ਟੈਲੀ-ਕਾਲਰ ਰੱਖੇ ਹੋਏ ਸਨ।**



# ਕੀ ਮਾਤਾ-ਪਿਤਾ ਦਾ ਬੱਚੇ ਦੀ ਜਾਇਦਾਦ 'ਤੇ ਅਧਿਕਾਰ ਹੈ ?

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਬਹੁਤ ਸਾਰੇ ਬੱਚਿਆਂ ਦੇ ਮਾਪਿਆਂ ਦੀ ਜਾਇਦਾਦ 'ਤੇ ਅਧਿਕਾਰਾਂ ਬਾਰੇ ਜਾਣੂ ਹਨ, ਪਰ ਇਹ ਸਵਾਲ ਕਿ ਕੀ ਮਾਪੇ ਆਪਣੇ ਬੱਚਿਆਂ ਦੀ ਜਾਇਦਾਦ ਦੀ ਮਲਕੀਅਤ ਦਾ ਦਾਅਵਾ ਕਰ ਸਕਦੇ ਹਨ, ਇਸ ਬਾਰੇ ਘੱਟ ਸਮਝਿਆ ਜਾਂਦਾ ਹੈ। ਕਨੂੰਨ ਦੇ ਤਹਿਤ, ਅਜਿਹੇ ਦਾਅਵਿਆਂ ਨੂੰ ਨਿਯੰਤ੍ਰਿਤ ਕਰਨ ਵਾਲੇ ਨਿਯਮ ਖਾਸ ਹਨ ਅਤੇ ਬੱਚੇ ਦੇ ਲਿੰਗ ਸਮੇਤ ਕੁਝ ਖਾਸ ਸਥਿਤੀਆਂ 'ਤੇ ਨਿਰਭਰ ਕਰਦੇ ਹੋਏ ਵੱਖ-ਵੱਖਹੁੰਦੇ ਹਨ। ਇਹ ਲੇਖ ਵੱਖ-ਵੱਖਸਥਿਤੀਆਂ ਬਾਰੇ ਦੱਸਦਾ ਹੈ ਜਿੱਥੇ ਮਾਤਾ-ਪਿਤਾ ਨੂੰ ਭਾਰਤੀ ਉੱਤਰਾਧਿਕਾਰੀ ਐਕਟ ਦੇ ਤਹਿਤ ਆਪਣੇ ਬੱਚਿਆਂ ਦੀ ਜਾਇਦਾਦ 'ਤੇ ਅਧਿਕਾਰ ਹੋ ਸਕਦੇ ਹਨ, ਖਾਸ ਤੌਰ 'ਤੇ ਹਿੰਦੂ ਉੱਤਰਾਧਿਕਾਰੀ ਐਕਟ ਵਿੱਚ ਕੀਤੀਆਂ ਮੁੱਖ ਸੋਧਾਂ ਤੋਂ ਬਾਅਦ। ਆਮ ਤੌਰ 'ਤੇ, ਮਾਪਿਆਂ ਕੋਲ ਕਨੂੰਨ ਦੇ ਅਧੀਨ ਆਪਣੇ ਬੱਚਿਆਂ ਦੀ ਜਾਇਦਾਦ 'ਤੇ ਸਵੈਚਲਿਤ ਅਧਿਕਾਰ ਨਹੀਂ ਹੁੰਦੇ ਹਨ। ਹਾਲਾਂਕਿ, ਕੁਝ ਖਾਸ ਉਦਾਹਰਣਾਂ ਹਨ ਜਿਨ੍ਹਾਂ ਵਿੱਚ ਉਹ ਇਸਦਾ ਦਾਅਵਾ ਕਰ ਸਕਦੇ ਹਨ। ਹਿੰਦੂ ਉਤਰਾਧਿਕਾਰੀ ਐਕਟ, 2005 ਵਿੱਚ ਸੋਧਿਆ ਗਿਆ, ਉਹਨਾਂ ਸ਼ਰਤਾਂ ਦੀ ਰੂਪ ਰੇਖਾ ਦੱਸਦਾ ਹੈ ਜਿਸ ਦੇ ਤਹਿਤ ਮਾਪੇ ਆਪਣੇ ਬੱਚੇ ਦੀ ਜਾਇਦਾਦ ਦੇ ਵਾਰਸ ਹੋ ਸਕਦੇ ਹਨ, ਖਾਸ ਤੌਰ 'ਤੇ ਅਜਿਹੇ ਮਾਮਲਿਆਂ ਵਿੱਚ ਜਿੱਥੇ ਬੱਚੇ ਦੀ ਮੌਤ ਬਿਨਾਂ ਵਸੀਅਤ ਦੇ ਹੋ ਜਾਂਦੀ ਹੈ।

**ਮਾਤਾ-ਪਿਤਾ ਨੂੰ ਬੱਚੇ ਦੀ ਜਾਇਦਾਦ ਦਾ ਅਧਿਕਾਰ ਕਦੋਂ ਮਿਲਦਾ ਹੈ ?**

ਹਿੰਦੂ ਉਤਰਾਧਿਕਾਰੀ ਐਕਟ ਇਹ ਸਪਸ਼ਟ ਕਰਦਾ ਹੈ ਕਿ ਜੇਕਰ ਕੋਈ ਬਾਲਗ, ਅਣਵਿਆਹਿਆ ਬੱਚਾ ਵਸੀਅਤ ਛੱਡੇ ਬਿਨਾਂ ਮਰ ਜਾਂਦਾ ਹੈ, ਤਾਂ ਮਾਤਾ-ਪਿਤਾ ਜਾਇਦਾਦ ਦੇ ਵਾਰਸ ਦੇ ਹੱਕਦਾਰ ਹਨ। ਮਹੱਤਵਪੂਰਨ ਤੌਰ 'ਤੇ, ਅਜਿਹੇ ਹਾਲਾਤਾਂ ਵਿੱਚ ਵੀ, ਮਾਪੇ ਬੱਚੇ ਦੀ ਜਾਇਦਾਦ ਦੀ ਪੂਰੀ ਮਲਕੀਅਤ ਹਾਸਲ ਨਹੀਂ ਕਰਦੇ ਹਨ। ਇਸ ਦੀ ਬਜਾਏ, ਮਾਤਾ ਅਤੇ ਪਿਤਾ ਦੋਵਾਂ ਨੂੰ ਜਾਇਦਾਦ ਲਈ ਵੱਖਰੇ ਅਤੇ ਵੱਖਰੇ ਅਧਿਕਾਰ ਦਿੱਤੇ ਗਏ ਹਨ। ਇਸਦਾ ਮਤਲਬ ਹੈ ਕਿ ਵਿਰਾਸਤ ਦੇ ਅਧਿਕਾਰ ਦੋ ਮਾਪਿਆਂ ਵਿਚਕਾਰ ਸਾਂਝੇ ਕੀਤੇ ਜਾਂਦੇ ਹਨ ਪਰ ਕਿਸੇ ਇੱਕ ਨੂੰ ਪੂਰਨ ਮਾਲਕੀ ਨਹੀਂ ਦਿੰਦੇ ਹਨ।

**ਵਾਰਸ ਵਜੋਂ ਮਾਂ ਦੀ ਤਰਜੀਹ**

ਹਿੰਦੂ ਉੱਤਰਾਧਿਕਾਰੀ ਐਕਟ ਬੱਚੇ ਦੀ ਬੇਵਕਤੀ ਮੌਤ ਦੀ ਸਥਿਤੀ ਵਿੱਚ ਮਾਂ ਨੂੰ ਪਹਿਲੀ ਵਾਰਸ ਵਜੋਂ ਤਰਜੀਹ ਦਿੰਦਾ ਹੈ। ਜੇਕਰ ਇੱਕ ਬੱਚੇ ਦੀ ਮੌਤ ਹੋ ਜਾਂਦੀ ਹੈ, ਤਾਂ ਮਾਂ ਸਭ ਤੋਂ ਪਹਿਲਾਂ ਜਾਇਦਾਦ ਦੀ ਵਾਰਸ ਹੁੰਦੀ ਹੈ। ਪਿਤਾ, ਜਦੋਂ ਕਿ ਜਾਇਦਾਦ ਦਾ ਦਾਅਵਾ ਕਰਨ ਦਾ ਵੀ ਹੱਕਦਾਰ ਹੈ, ਦੂਜਾ ਵਾਰਸ ਮੰਨਿਆ ਜਾਂਦਾ ਹੈ। ਜੇਕਰ ਮਾਂ ਹੁਣ ਜਿੰਦਾ ਨਹੀਂ ਹੈ ਜਾਂ ਵਿਰਾਸਤ ਦਾ ਦਾਅਵਾ ਕਰਨ ਵਿੱਚ ਅਸਮਰੱਥ ਹੈ, ਤਾਂ ਦੂਜੇ ਵਾਰਸ ਵਜੋਂ ਪਿਤਾ ਦੇ ਅਧਿਕਾਰ ਲਾਗੂ ਹੋਣਗੇ। ਅਜਿਹੇ ਮਾਮਲਿਆਂ ਵਿੱਚ ਜਿੱਥੇ ਪਿਤਾ ਅਤੇ ਹੋਰ ਦਾਅਵੇਦਾਰ ਵਿਰਾਸਤ ਲਈ ਲੜ ਰਹੇ ਹਨ, ਪਿਤਾ ਜਾਇਦਾਦ ਨੂੰ ਦੂਜੇ ਵਾਰਸਾਂ ਨਾਲ ਬਰਾਬਰ ਸਾਂਝਾ ਕਰੇਗਾ।

# ਸ੍ਰੀ ਮੁਕਤਸਰ ਸਾਹਿਬ ਵਿਖੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਇਕੱਤਰਤਾ

ਸ੍ਰੀ ਮੁਕਤਸਰ ਸਾਹਿਬ, 22 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਗਿਆਨੀ ਹਰਪ੍ਰੀਤ ਸਿੰਘ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਦੀ ਜਥੇਦਾਰੀ ਦਾ ਚਾਰਜ ਵਾਪਸ ਲੈਣ ਅਤੇ ਉਨ੍ਹਾਂ ਦੀ ਕੀਤੀ ਜਾ ਰਹੀ ਕਿਰਦਾਰਕੁਸ਼ੀ ਮਗਰੋਂ ਸ੍ਰੀ ਮੁਕਤਸਰ ਸਾਹਿਬ ਦੀ ਸੰਗਤ ਨੇ ਗਿਆਨੀ ਹਰਪ੍ਰੀਤ ਸਿੰਘ ਦੇ ਹੱਕ ਵਿਚ ਭਾਈ ਮਹਾ ਸਿੰਘ ਦੀਵਾਨ ਹਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਇਕੱਤਰਤਾ ਕੀਤੀ, ਜਿਸ ਨੂੰ ਭਾਈ ਗੁਰਦੀਪ ਸਿੰਘ ਬਠਿੰਡਾ, ਭਾਈ ਜਸਵੀਰ ਸਿੰਘ ਖਾਲਸਾ, ਮਨਿੰਦਰ ਸਿੰਘ ਖਾਲਸਾ, ਡਾ. ਗੁਰਪ੍ਰੀਤ ਸਿੰਘ, ਜਸਪਾਲ ਸਿੰਘ ਮੱਲਾ, ਮਨਿੰਦਰ ਸਿੰਘ ਮਹਿੰਦੀ, ਜਗਮੀਤ ਸਿੰਘ ਖੱਪਿਆਂਵਾਲੀ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਵਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ 17 ਸਾਲ ਸੇਵਾਵਾਂ ਨਿਭਾਈਆਂ ਗਈਆਂ ਹਨ। ਸੰਗਤ ਉਨ੍ਹਾਂ ਦੇ ਕਿਰਦਾਰ ਬਾਰੇ ਜਾਣਦੀ ਹੈ, ਉਸ ਉੱਤੇ ਜਾਣ-ਬੁੱਝ ਕੇ ਇਕ ਬਹੁਤ ਪੁਰਾਣੇ ਕੇਸ ਵਿਚ ਇਲਜ਼ਾਮਤਰਾਸ਼ੀ ਕਰਵਾਈ ਜਾ ਰਹੀ ਹੈ ਜੋ ਕਿ ਬਹੁਤ ਹੀ ਨਿਖੇਧੀਯੋਗ ਹੈ। ਗਿਆਨੀ ਹਰਪ੍ਰੀਤ ਸਿੰਘ ਦੀ ਕਰਵਾਈ ਜਾ ਰਹੀ ਕਿਰਦਾਰਕੁਸ਼ੀ ਕਾਰਨ ਸੰਗਤ




ਵਿਚ ਭਾਰੀ ਰੋਸ ਹੈ। ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਟੈਲੀਫੋਨ ਰਾਹੀਂ ਮਾਈਕ ਉਤੇ ਸੰਪਰਕ ਕਰਕੇ ਸੰਗਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਫਤਿਹਗੜ੍ਹ ਸਾਹਿਬ ਵਿਖੇ ਹਨ ਅਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਹੋਣ ਕਾਰਨ ਜ਼ਿਆਦਾ ਕੁਝ ਨਹੀਂ ਕਹਿਣਗੇ।

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

**ਲਿਖਤਾਂ ਭੇਜਣ ਲਈ ਈਮੇਲ ਪਤਾ**
**vishavPunjabisanjh@gmail.com**

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਆਪ ਸਰਕਾਰ ਨੇ ਪੂਰਾ ਕੀਤਾ ਚੋਣ ਵਾਅਦਾ, ਮਹਿਲਾਵਾਂ ਦੇ ਖਾਤੇ ਵਿਚ ਪੈਸੇ ਭੇਜਣ ਵਾਲੀ ਸਕੀਮ ਸ਼ੁਰੂ

ਨਵੀਂ ਦਿੱਲੀ, 22 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਐਤਵਾਰ ਨੂੰ ਵੱਡਾ ਐਲਾਨ ਕੀਤਾ ਹੈ। 'ਆਪ' ਕਨਵੀਨਰ ਨੇ ਕਿਹਾ, "ਮਹਿਲਾ ਸਨਮਾਨ ਯੋਜਨਾ ਅਤੇ ਸੰਜੀਵਨੀ ਯੋਜਨਾ ਲਈ ਰਜਿਸਟ ?ਰੇਸ਼ਨ ਕੱਲ੍ਹ (ਸੋਮਵਾਰ) ਤੋਂ ਪੂਰੇ ਦਿੱਲੀ ਵਿੱਚ ਸ਼ੁਰੂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਕਰੀਬ 35 ਤੋਂ 40 ਲੱਖ ਔਰਤਾਂ ਨੂੰ ਸਨਮਾਨ ਯੋਜਨਾ ਦਾ ਲਾਭ ਮਿਲੇਗਾ ਅਤੇ ਕਰੀਬ 15 ਲੱਖ ਬਜ਼ੁਰਗਾਂ ਨੂੰ ਸੰਜੀਵਨੀ ਯੋਜਨਾ ਦਾ ਲਾਭ ਮਿਲੇਗਾ। ਇਸ ਪ੍ਰੈੱਸ ਕਾਨਫਰੰਸ ਦੌਰਾਨ ਅਰਵਿੰਦ ਕੇਜਰੀਵਾਲ ਦੇ ਨਾਲ ਦਿੱਲੀ ਦੇ ਮੁੱਖ ਮੰਤਰੀ ਆਤਿਸ਼ੀ ਅਤੇ 'ਆਪ' ਦੇ ਸੀਨੀਅਰ ਨੇਤਾ ਮਨੀਸ਼ ਸਿਸੋਦੀਆ ਮੌਜੂਦ ਸਨ।

ਉਨ੍ਹਾਂ ਕਿਹਾ ਕਿ ਦਿੱਲੀ ਵਾਸੀਆਂ ਲਈ ਵੱਡੀ ਖ਼ੁਸ਼ਖਬਰੀ ਹੈ। ਹਾਲ ਹੀ ਵਿਚ 'ਆਪ' ਸਰਕਾਰ ਨੇ ਦੋ ਸਕੀਮਾਂ, ਮਹਿਲਾ ਸਨਮਾਨ ਯੋਜਨਾ ਅਤੇ ਸੰਜੀਵਨੀ ਯੋਜਨਾ ਦਾ ਐਲਾਨ ਕੀਤਾ ਸੀ। ਔਰਤਾਂ ਆਪਣੇ ਘਰਾਂ ਨੂੰ ਸੰਭਾਲਣ ਲਈ ਬਹੁਤ ਮਿਹਨਤ ਕਰਦੀਆਂ ਹਨ। ਬੱਚੇ ਜੋ ਦੇਸ਼ ਦਾ ਭਵਿੱਖ ਹਨ, ਉਨ੍ਹਾਂ ਨੂੰ ਚੰਗੇ ਸੰਸਕਾਰ ਦੇ ਕੇ ਪਾਲਣ ਪੋਸ਼ਣ ਕੀਤਾ ਜਾਂਦਾ ਹੈ। ਕਈ ਮਾਵਾਂ-ਭੈਣਾਂ ਬਾਹਰ ਜਾ ਕੇ ਕੰਮ ਕਰਦੀਆਂ ਹਨ। ਉਨ੍ਹਾਂ ਦੀ ਸਹੂਲਤ ਲਈ ਔਰਤਾਂ ਦੇ ਬੈਂਕ ਖਾਤਿਆਂ ਵਿੱਚ ਹਰ ਮਹੀਨੇ 2100 ਰੁਪਏ ਜਮਹਾਂ ਕਰਵਾਉਣ ਦਾ ਐਲਾਨ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਧੀਆਂ ਹਨ ਜੋ 12ਵੀਂ ਤੋਂ ਬਾਅਦ ਪੜ੍ਹਾਈ ਛੱਡ ਦਿੰਦੀਆਂ ਹਨ। ਇਨ੍ਹਾਂ 2100 ਰੁਪਏ ਨਾਲ ਉਨ੍ਹਾਂ ਨੂੰ ਉੱਚ ਸਿੱਖਿਆ 'ਚ ਮਦਦ ਮਿਲੇਗੀ। ਕੇਂਦਰ ਸਰਕਾਰ ਨੇ ਮਹਿੰਗਾਈ ਵਿੱਚ ਕਾਫੀ ਵਾਧਾ ਕੀਤਾ ਹੈ। ਇਸ ਪੈਸੇ ਨਾਲ ਔਰਤਾਂ ਨੂੰ ਘਰੇਲੂ ਖਰਚਿਆਂ 'ਚ ਮਦਦ ਮਿਲੇਗੀ। ਜਦੋਂ ਤੋਂ ਇਸ ਸਕੀਮ ਦਾ ਐਲਾਨ ਹੋਇਆ ਹੈ, ਬਹੁਤ ਸਾਰੇ ਲੋਕਾਂ ਦੇ ਫੋਨ ਆ ਰਹੇ ਹਨ ਕਿ ਰਜਿਸਟਰੇਸ਼ਨ ਕਦੋਂ ਹੋਵੇਗੀ ?

ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮਹਿਲਾ ਸਨਮਾਨ ਯੋਜਨਾ ਦੀ ਰਜਿਸਟਰੇਸ਼ਨ 23 ਦਸੰਬਰ ਤੋਂ ਸ਼ੁਰੂ ਹੋਵੇਗੀ। ਇਸ ਲਈ ਆਮ ਆਦਮੀ ਪਾਰਟੀ ਨੇ ਕਈ ਟੀਮਾਂ ਬਣਾਈਆਂ ਹਨ, ਜੋ ਘਰ-ਘਰ ਜਾ ਕੇ ਔਰਤਾਂ ਨੂੰ ਰਜਿਸਟਰੇਸ਼ਨ ਬਾਰੇ ਜਾਗਰੂਕ ਕਰਨਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਦੂਜੀ ਸਕੀਮ ਦਾ ਨਾਂ ਸੰਜੀਵਨੀ ਯੋਜਨਾ ਹੈ। ਇਸ ਤਹਿਤ 60 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਦਾ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਮੁਫ਼ਤ ਇਲਾਜ ਕੀਤਾ ਜਾਵੇਗਾ।

ਹੁਣ ਅਜਿਹੇ ਲੋਕਾਂ ਨੂੰ ਚਿੰਤਾ ਕਰਨ ਦੀ ਲੋੜ ਹੈ। ਹੁਣ ਤੁਹਾਡੀ ਸਰਕਾਰ ਤੁਹਾਡਾ ਇਲਾਜ ਕਰਵਾਏਗੀ। ਸੰਜੀਵਨੀ ਯੋਜਨਾ ਦੀ ਰਜਿਸਟਰੇਸ਼ਨ ਵੀ ਸੋਮਵਾਰ ਤੋਂ ਸ਼ੁਰੂ ਹੋ ਜਾਵੇਗੀ। ਦੋਵਾਂ ਸਕੀਮਾਂ ਦਾ ਲਾਭ ਲੈਣ ਲਈ ਦਿੱਲੀ ਦਾ ਵੋਟਰ ਹੋਣਾ ਜ਼ਰੂਰੀ ਹੈ। ਜੇਕਰ ਤੁਹਾਡੀ ਵੋਟ ਕੱਟੀ ਗਈ ਹੈ, ਤਾਂ ਕਿਰਪਾ ਕਰਕੇ ਟੀਮ ਨੂੰ ਸੂਚਿਤ ਕਰੋ ਤਾਂ ਜੋ ਵੋਟ ਦੁਬਾਰਾ ਜੋੜਿਆ ਜਾ ਸਕੇ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜ਼ਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿੰਦ-ਜਾਣ ਸਾਹਿਤਕ,ਸਭਿਆਚਾਰਕ ਅਤੇ ਖੇਡ-ਮੇਲਿਆਂ ਵਿੱਚ ਮਿੱਠੀ ਮਿੱਠੀ ਸ਼ਬਦਾਵਲੀ, ਸ਼ੇਅਰੋ ਸ਼ਾਇਰੀ ਅਤੇ ਕਥਾ ਕਹਾਣੀਆਂ ਨਾਲ ਮਨੋਰੰਜਕ ਪੇਸ਼ਕਾਰੀ ਲਈ ਸਟੇਜ ਸੰਚਾਲਨ ਵਾਸਤੇ ਹਮੇਸ਼ਾ ਯਾਦ ਰੱਖੋ



ਡਾ: ਦਰਸ਼ਨਦੀਪ ਅਰੋੜਾ
ਕੋ- ਹੋਸਟ
( ਰੇਡੀਓ ਪ੍ਰੋਗਰਾਮ ਸਤਰੰਗ 1350 AM )
ਸੋਮਵਾਰ ਤੋਂ ਸ਼ੁੱਕਰਵਾਰ ਤੱਕ 10 ਤੋਂ 11 ਵਜ਼ੇ ਤੱਕ
+1 437-243-3091




BramptonCashandCarry2023@gmail.co
KENNEDY ROAD S., BRAMPTON ON L6W 3E7, CANADA
905-230-4800

# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7

HURRY!

SPECIAL OFFER

BRAMPTON CASH & CARRY
Importer | Wholesaler | Retailer

WHITE ONION– 50 POUND

22 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

HURRY!

SPECIAL OFFER

BRAMPTON CASH & CARRY
Importer | Wholesaler | Retailer

BRAR BESAN SUPER FINE

9.99 $




BRAR SWEET CORN FLOUR




4.99 $

SHER WHITE WHOLE WHEAT ATTA

15.99 $




BUY NOW

T&C APPLY

100 Kennedy Rd S,
Brampton, ON L6W 3E7, Canada

905-230-4800

AAPKI PASAND AAPKA SWAAD

# DURUM CHAKKI ATTA




WEIGHT
**20LB**

PRICE
**$9.99**

BRAMPTON CASH & CARRY
Importer | Wholesaler | Retailer

6HR SOFTNESS

**BEST FOR ROLLS, PARANTHAS. POORIS & HOTBREADS**

# GRAND OPENING

## 3643 PORTAGE RD, NIAGARA FALLS

**CONTACT : +1 (416)700-9100**

**COMING SOON**

# BRAMPTON CASH AND CARRY

BRAMPTON
CASH & CARRY
IMPORTER | WHOLESALER| RETAILER

BRAMPTON
CASH & CARRY
Importer | Wholesaler | Retailer

**OPEN EVERYDAY FROM**
**9:00 AM TO 9:00 PM**